# ਮੁਹੱਬਤੀ ਹਵਾਵਾਂ ਦਾ ਸਿਰਨਾਵਾਂ ਸੀ ਮੋਹਨਜੀਤ



ਪ੍ਰੋ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਅਤੇ ਮੀਡੀਆ
ਬ੍ਰਾਡਕਾਸਟਰ ਸਾਬਕਾ
ਉਪ ਮਹਾਨਿਰਦੇਸ਼ਕ
ਦੂਰਦਰਸ਼ਨ
kkrattu@gmail.com
+91 94787-30156

ਅਸਲ 'ਚ ਮੋਹਨਜੀਤ ਬਹੁ-ਵਿਧਾਈ ਲੇਖਕ ਤੇ ਚਿੰਤਕ ਸਨ। ਪੰਜਾਬੀ ਸਾਹਿਤ 'ਚ ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਅੱਜ ਉਨ੍ਹਾਂ ਦੇ ਤੁਰ ਜਾਣ ਬਾਅਦ 48 ਵਰ੍ਹਿਆਂ ਦੀ ਦੋਸਤੀ ਨੂੰ ਪੱਕਾ ਵਿਰਾਮ ਲੱਗ ਗਿਆ ਹੈ।

'ਤੇਰੇ ਜਾਣ ਬਾਦ ਮੌਸਮ ਉਦਾਸ ਹੈ।'

ਅੱਜ ਦੀ ਸਵੇਰ ਸੋਗ ਦੀ ਨਮੀ ਨਾਲ ਭਿੱਜ ਗਈ, ਜਦੋਂ ਦਿੱਲੀ ਦੇ ਇਕ ਮਿੱਤਰ ਨੇ ਮੋਹਨਜੀਤ ਦੇ ਵਿਦਾ ਹੋਣ ਦੀ ਸੂਚਨਾ ਦਿੱਤੀ। ਇਸ ਗੱਲ ਦਾ ਯਕੀਨ ਨਹੀਂ ਹੋ ਰਿਹਾ ਜੋ ਪਿਛਲੇ 48 ਸਾਲਾਂ ਦੀ ਸਾਹਿਤਕ ਤੇ ਨਿੱਜੀ ਮਿੱਤਰਤਾ ਦਾ ਪੁਲ ਸੀ।

ਮੋਹਨਜੀਤ ਅਸਲ ਵਿਚ ਪੰਜਾਬੀ ਕਵਿਤਾ ਦਾ ਉਹ ਮੋਹਰਲੀ ਸਫ਼ ਦਾ ਚਿਹਰਾ ਸੀ ਜਿਸ ਵਿਚ ਪੰਜਾਬੀ ਕਵਿਤਾ ਨੇ ਨਵੀਂ ਉਡਾਣ ਲਈ। ਮੋਹਨਜੀਤ 70 ਤੋਂ ਬਾਅਦ ਦੀ ਨਵੀਂ ਕਵਿਤਾ ਦਾ ਪਿਛਲੀ ਅੱਧੀ ਸਦੀ ਦਾ ਉਹ ਹਸਤਾਖ਼ਰ ਸੀ ਜਿਸ ਨੇ ਪੰਜਾਬੀ ਕਵਿਕ-ਜੁਗਤਾਂ ਨਾਲ ਨਵੀਆਂ ਪਿਰਤਾਂ ਪਾਈਆਂ ਤੇ ਪੰਜਾਬੀ ਦੇ ਜੁਝਾਰਵਾਦੀ ਤੇ ਤਥਾਕਥਿਤ ਕਵੀਆਂ ਦੀ ਲਾਮਬੰਦੀ ਸਾਹਮਣੇ ਵੀ ਡਟਿਆ ਰਿਹਾ ਸੀ।

ਜੇਕਰ ਮੈਂ ਆਪਣੀ ਲਗਪਗ 46 ਸਾਲਾਂ ਦੀ ਦੋਸਤੀ ਤੇ ਸਾਹਿਤਕ ਰੂਪ-ਰੇਖਾ ਵਿਚ ਕਹਿਣਾ ਹੋਵੇ ਤਾਂ ਕਹਿ ਸਕਦਾ ਹਾਂ ਕਿ ਉਹ ਇਕ ਗੁੰਮ ਹੋਇਆ ਮੁਹੱਬਤੀ ਹਵਾਵਾਂ ਦਾ ਸਿਰਨਾਵਾਂ ਸੀ, ਜਿਸ ਨਾਲ ਆਪਣੀ ਤਰ੍ਹਾਂ ਦੀ ਇਕ ਨਵੀਂ ਕਵਿਤਾ ਦਾ ਚਿਹਰਾ ਸ਼ੁਰੂ ਹੁੰਦਾ ਹੈ ਤੇ ਸੱਚ ਇਹ ਵੀ ਹੈ ਕਿ ਉਸ ਦੀ ਪਛਾਣ ਉਸ ਦੀ ਤਪਸ਼ ਤੇ ਰਵਾਨਗੀ, ਉਸਦੀਆਂ ਉਡੀਕਾਂ ਭਰੀ, ਮੁਹੱਬਤ ਅਤੇ ਨਿੱਘੀਆਂ ਦੋਸਤੀਆਂ ਵਿਚ ਸੀ ਅਤੇ ਉਹ ਇਕ ਅਜ਼ੀਮ ਸ਼ਖਸੀਅਤ ਦਾ ਮਾਲਕ ਸੀ।

ਮੋਹਨਜੀਤ ਦੀ ਸ਼ਬਦਾਵਲੀ ਦੀ ਵਿਉਤਬੰਦੀ ਅਦਭੁੱਤ ਸੀ। ਉਹਨਾਂ ਦਾ ਕਾਵਿਕ ਅੰਦਾਜ ਹੋਰਾਂ ਤੋਂ ਵੱਖਰਾ ਸੀ। ਮੇਰੀ ਮੋਹਨਜੀਤ ਨਾਲ ਪਹਿਲੀ ਮੁਲਾਕਾਤ ਲਗਪਗ ਅੱਧੀ ਸਦੀ ਪਹਿਲਾਂ ਅੰਮ੍ਰਿਤਸਰ ਵਿਖੇ ਹੋਈ ਜਦੋਂ ਮੈਂ ਕਾਲਜ ਪੜ੍ਹਦਾ ਸਾਂ।

ਅੰਮ੍ਰਿਤਸਰ ਦੀਆਂ ਮੁਲਾਕਾਤਾਂ ਵਿਚ ਅੰਮ੍ਰਿਤਸਰੀ ਜਲਵਾ ਸੀ। ਖੁਰਸ਼ੀਦ ਜਿਹੇ ਸ਼ਾਇਰ ਤੋਂ ਲੈ ਕੇ ਕਲਪਨਾ ਤੇ ਫਿਰ ਇਹ ਮੋਹਨਜੀਤ। ਦਿੱਲੀ ਦੀਆਂ ਮੁਲਾਕਾਤਾ, ਯੂਨੀਵਰਸਿਟੀ ਵਿਚ ਵਿਭਾਗੀ ਸਮਾਂ ਤੇ ਕਾਫ਼ੀ ਹਾਊਸ ਨਵੀਂ ਦਿੱਲੀ ਦੀਆਂ ਅਨੇਕ ਮੁਲਾਕਾਤਾਂ ਹੁਣ ਤਾਜ਼ਾ ਹੋ ਰਹੀਆ ਹਨ, ਪਰ ਉਸ ਦੀਆਂ ਕਵਿਤਾਵਾਂ ਦੀਆਂ ਵੰਨਗੀਆਂ ਵੀ ਟੁੰਬ ਰਹੀਆਂ ਹਨ। ਉਸ ਨੇ ਹੀ ਤਾਂ ਲਿਖਿਆ ਸੀ:-

ਨਟਖਟ ਵੱਗਣ ਹਵਾਵਾਂ
ਦੀਵੇ ਡੋਲ ਰਹੇ
ਬਦੱਲ ਤੇ ਪ੍ਰਛਾਵੇਂ
ਕਿਹਦੇ ਕੋਲ ਰਹੇ।
ਪਤਾ ਨਹੀਂ ਕਿਸ ਤਾਰੇ ਨਾਲੋਂ ਟੁੱਟੇ ਹਾਂ,
ਨਾ ਚੌਰਸ, ਨਾ ਤਿੰਨ ਨੁਕਰੇ
ਨਾ ਗੋਲ ਰਹੇ।

ਇਸ ਮੌਕੇ ਮੈਨੂੰ ਮਰਾਠੀ ਕਵੀ ਨਾਮਦੇਵ ਢਸਾਲ ਯਾਦ ਆ ਰਿਹਾ ਹੈ ਜਿਸ ਨੇ ਲਿਖਿਆ ਸੀ-

ਤਨ ਤਪਦਾ ਤੰਦੂਰ, ਮਨ ਹੈ ਨਹੀਂ"
ਉਡ ਗਿਆ ਉਹ ਹਵਾ ਵਿਚ ਨਾਮਦੇਵ '

ਪਰ ਮੋਹਨਜੀਤ ਆਪਣੀਆ ਕਵਿਤਾਵਾਂ ਰਾਹੀਂ ਸਦਾ ਸਾਡੇ ਅੰਗ-ਸੰਗ ਰਹੇਗਾ। ਉਹ ਮੁਹੱਬਤੀ ਹਵਾਵਾਂ ਤੇ ਲਿਖਿਆ ਬੇਗਾਨਗੀ ਦਾ ਨਾਂ ਸੀ।

ਮੈਂ ਉਨ੍ਹਾਂ ਨੂੰ ਸਦਾ ਪੰਜਾਬੀ ਦਾ ਗੰਭੀਰ ਕਵੀ ਮੰਨਿਆ ਹੈ। ਉਸ ਨੇ ਕਿਹਾ ਸੀ ਕਿ ਘਰ ਵਿਚ ਇਹ ਸਿਫ਼ਤ ਸਲਾਹ ਅਰਥਾਤ ਲਿਖਣ ਦੀ ਆਦਤ ਉਸਨੂੰ ਆਪਣੇ ਪਿਤਾ ਤੋਂ ਮਿਲੀ ਸੀ, ਜੋ ਸ਼ਾਇਦ ਸਕੂਲ ਨਹੀਂ ਗਏ ਸਨ ਪਰ ਕਿਤਾਬਾਂ ਤੇ ਗ੍ਰੰਥ ਪੜ੍ਹਦੇ ਸਨ। ਆਪਣੀ ਮਾਂ ਦੀ ਕਮਾਈ ਨੂੰ ਵੀ ਉਹ ਆਪਣੀਆਂ ਕਵਿਤਾਵਾਂ ਦਾ ਪਿਛਲਾ ਸੂਤਕ ਮੰਨਦੇ ਸਨ। ਮੋਹਨਜੀਤ

ਦਾ ਇਹ ਸੁਭਾਅ ਸੀ ਕਿ ਉਹ ਜਦੋਂ ਗਲ ਕਰਦੇ ਸੀ ਤਾਂ ਸਾਰੇ ਦੇ ਸਾਰੇ ਨਦੀ ਵਿਚ ਡੁੱਬ ਕੇ। ਰਿਸ਼ਤਿਆ ਦੇ ਨਿੱਘ ਦੀ ਗੱਲ ਮੋਹਨਜੀਤ ਨੇ ਆਪਣੀਆਂ ਕਵਿਤਾਵਾਂ ਵਿਚ ਵੀ ਕੀਤੀ ਹੈ। ਤੁਸੀਂ ਮੰਨ ਸਕਦੇ ਹੋ ਉਹ ਫੇਰ ਸਿਰੜੀਆਂ ਦਾ ਪੁੱਤ ਸੀ, ਜਿਸ ਨੇ ਆਪਣੇ ਧੰਦੇ ਸੂਤ ਵਰਗਾ ਕੰਮ ਕਰਕੇ ਉਸ ਨੂੰ ਸੰਸਕਾਰ ਦਿੱਤੇ ਤੇ ਨਾਲ ਅੱਖਰ ਤੇ ਕਵਿਤਾ ਦਾ ਮੁਲਾਂਕਣ ।

ਜਦੋਂ ਤੁਸੀਂ ਮੋਹਨਜੀਤ ਦੀ ਕਵਿਤਾ ਦਾ ਮੁਲਾਂਕਣ ਕਰਦੇ ਹੋ ਤਾਂ ਪਤਾ ਲੱਗਦਾ ਹੈ ਕਿ ਉਸ ਦੀ ਸਮਝ ਤੇ ਕਵਿਤਾ ਕਰਮ ਨੂੰ ਉਹ ਕਿਵੇਂ ਸਮਝਦਾ ਸੀ, ਜਾਣਦਾ ਸੀ। ਵਿਸ਼ਵ ਕਵਿਤਾ ਬਾਰੇ ਉਸਦੀ ਸਮਝ ਮੈਨੂੰ ਕਈ ਵਾਰ ਸਾਡੇ ਵਰਤਮਾਨ ਕਵੀਆਂ ਬਾਰੇ ਉਸ ਦੇ ਵਖਰੇਵੇਂ ਨੂੰ ਦਰਸਾਉਂਦੀ ਸੀ। ਉਸ ਦੀ ਕਵਿਤਾ ਬਾਰੇ ਬੀਬਾ ਬਲਵੰਤ ਵਰਗੇ ਮਿੱਤਰ ਦੀਆਂ ਕਵਿਤਾ ਦੀਆਂ ਸਤਰਾਂ ਵੀ ਚੇਤੇ ਆਉਂਦੀਆਂ ਹਨ 'ਉਸਦੀ ਡੂੰਘੀ ਸਮਾਧੀ ਕੋਲ ਸ਼ੇਰ ਨੂੰ ਸ਼ਰਮਸਾਰ ਕਰ ਦੇਣ ਵਾਲਾ ਸਬਰ ਹੈ, ਤੱਤੀਆਂ ਹਵਾਵਾਂ ਵਗਣ ਵੇਲੇ ਵੀ ਉਸ ਕੋਲ ਗਾਉਣ ਦਾ ਗੁਰ ਹੈ'। ਬੀਬਾ ਬਲਵੰਤ ਦੀ ਇਹ ਟਿੱਪਣੀ ਉਸਦੀ ਵਿਧਾਈ ਰਮਜ਼ਾਂ ਦੇ ਰੰਗਾਂ ਨੂੰ ਬਿਆਨ ਕਰਦੀ ਹੈ। ਇਹ ਸਾਰੇ ਰੰਗ ਮੋਹਨਜੀਤ ਦੀ ਕਵਿਤਾ ਵਿਚ ਵੇਖੇ ਜਾ ਸਕਦੇ ਹਨ। ਮੋਹਨਜੀਤ ਬਾਰੇ ਆਪਣੀਆਂ ਯਾਦਾ ਨੂੰ ਮੈਂ ਫਿਰਾਕ ਗੋਰਖਪੁਰੀ ਦੇ ਇਕ ਸ਼ੇਅਰ ਵਿਚ ਕਹਿ ਸਕਦਾ ਹਾਂ

ਹਮਾਰਾ ਯੇਹ ਤਜਰਬਾ ਹੈ
ਕਿ ਖੁਸ਼ ਹੋਨਾ ਮੁਹੱਬਤ ਮੇਂ
ਕਭੀ ਮੁਸ਼ਕਲ ਨਹੀਂ ਹੋਤਾ
ਕਭੀ ਅਸਾਂ ਨਹੀਂ ਹੋਤਾ।'

**ਅੰਮ੍ਰਿਤਸਰ ਦੀਆਂ ਯਾਦਾਂ**:- ਅੰਮ੍ਰਿਤਸਰ ਹਮੇਸ਼ਾ ਮੋਹਨਜੀਤ ਦੀਆਂ ਯਾਦਾ ਵਿਚ ਬਣਿਆ ਰਿਹਾ। ਉਹ ਅੰਮ੍ਰਿਤਸਰ ਦੇ ਪੁਰਾਣੇ ਪਿੰਡ ਅਦਲੀਵਾਲਾ ਵਿਚ 7 ਮਈ 1938 ਨੂੰ ਪੈਦਾ ਹੋਇਆ ਸੀ। ਦੇਸ਼ ਬੰਧੂ ਕਾਲਜ ਵਿਚ ਲੰਬੇ ਸਮੇਂ ਤੀਕ ਉਹ ਪੰਜਾਬੀ ਦਾ ਸੀਨੀਅਰ ਪ੍ਰੋਫੈਸਰ ਵੀ ਰਿਹਾ।

ਮੋਹਨਜੀਤ ਦੀਆ ਪ੍ਰਸਿੱਧ ਪੁਸਤਕਾਂ ਵਿੱਚੋਂ ' ਕੋਣੇ ਦਾ ਸੂਰਜ' ਬੇਹੱਦ ਮਕਬੂਲ ਹੋਈ। ਇਸ ਤੋਂ ਇਲਾਵਾ ਸਹਿਕਦਾ ਸ਼ਹਿਰ, ਵਰਵਰੀਕ, ਤੁਰਦੇ ਫਿਰਦੇ ਮਸਖਰੇ, ਕੀ ਨਾਰੀ ਕੀ ਨਦੀ, ਉਹਲੇ ਵਿਚ ਉਜਿਆਰਾ ਅਤੇ ਹਵਾ ਪਿਆਜੀ ਆਦਿ ਪੁਸਤਕਾਂ ਉਨ੍ਹਾਂ ਦਾ ਹਾਸਿਲ ਸੀ ,ਹਾਲਾਂਕਿ ਪਿਛਲੇ ਦਿਨੀਂ ਮੋਹਨਜੀਤ ਨੇ ਆਪਣੀ ਜੀਵਨੀ ਵੀ ਰਿਲੀਜ਼ ਕੀਤੀ ਸੀ। 2018 ਵਿਚ ਕਾਵਿ-ਪੁਸਤਕ 'ਕੋਣੇ ਦਾ ਸੂਰਜ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਪ੍ਰਾਪਤ ਹੋਇਆ ਸੀ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਮੋਹਨਜੀਤ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਵਿਚ ਪੜ੍ਹਦੇ ਰਹੇ। ਮੋਹਨਜੀਤ ਦੀਆਂ ਕਵਿਤਾਵਾਂ ਵਿਚ ਆਦਮੀ ਤੇ ਮੁਹੱਬਤ ਦੀ ਸਿਖ਼ਰਤਾ ਹੈ। ਉਨ੍ਹਾਂ ਦੀਆਂ ਇਹ ਕਾਵਿ-ਸਤਰਾਂ ਸਦਾ ਯਾਦ ਰਹਿਣਗੀਆ

ਪੰਛੀ ਆਖਿਰਕਾਰ ਇਹ ਚਮਤਕਾਰ ਹੈ,
ਮਹਿਕ ਹੈ, ਪਰਿੰਦੇ ਪੰਛੀਆਂ ਦੇ ਪਰਾਂ 'ਤੇ
ਚਿੱਤਕਾਰੀ ਵੀ ਕੈਸੀ ਹੈ।
ਅਜੰਤਾ ਅਲੋਰਾ ਦੇ ਪੰਛੀ
ਲਦਾਮੀ ਗੁਫਾਵਾਂ ਵਾਲੇ ਰੰਗਾ ਦੇ ਚਿੱਤਰਕਾਰ।
ਇਨ੍ਹਾਂ ਕਰਾਮਾਤਾ ਦੇ ਕਾਰਨ
ਮੇਰਾ ਮਨ ਚਾਹੁੰਦਾ ਹੈ ਪੰਛੀ ਹੋਣਾ
ਪੰਛੀ ਉੜਦੇ ਹਨ
ਪਰ ਪਤਾ ਨਹੀਂ ਲੱਗਦਾ ਉਡਣ ਦਾ।
ਤੇਰਾ ਬਚਪਨ ਕਿਥੇ ਹੈ
ਕਹਿਣ ਲੱਗਾ ਕੰਡਿਆ ਨੂੰ ਪਤਾ ਹੈ।

ਮੈਨੂੰ ਯਾਦ ਹੈ ਕਿ ਇਕ ਵਾਰ ਆਕਾਸ਼ਵਾਣੀ ਦਿੱਲੀ ਵਿਚ ਮਰਹੂਮ ਦੇਵਿੰਦਰ (ਆਕਾਸ਼ਵਾਣੀ ਦਿੱਲੀ ਵਾਲੇ) ਅਤੇ ਮੈਂ ਇਕ ਉਰਦੂ ਸਰਵਿਸ ਦੇ ਪ੍ਰੋਗਰਾਮ ਲਈ ਸਟੂਡੀਓ ਬੈਠੇ ਸੀ।

ਮੋਹਨਜੀਤ ਨੇ ਦੋ ਕਵਿਤਾਵਾਂ ਪੜ੍ਹੀਆਂ ਅਤੇ ਉਨ੍ਹਾਂ 'ਤੇ ਟਿੱਪਣੀ ਕਰਦਿਆਂ ਮੈਂ ਕਿਹਾ ਸੀ ਕਿ "ਪੰਜਾਬੀ ਕਵਿਤਾ ਵਿਚ ਜਦੋਂ ਨਵੇਂ ਬਿੰਬ ਤੇ ਕਵਿਤਾਵਾਂ ਦੀਆਂ ਕਦਰਾਂ ਕੀਮਤਾਂ ਤੇ ਸੰਜੀਦਗੀ ਦੀ ਗਲ ਹੋਵੇਗੀ ਤਾਂ ਮੋਹਨਜੀਤ ਦਾ ਨਾਂ ਪਹਿਲੀ ਫਰਿਸ਼ਤ ਵਿਚ ਹੋਵੇਗਾ।" ਮੋਹਨਜੀਤ ਨੇ ਕਈ ਪਰਚਿਆਂ ਦੀਆਂ ਸੰਪਾਦਨਾਵਾਂ ਕੀਤੀਆ- ਇਕ 'ਪਰਚਾ' ਅੰਮ੍ਰਿਤਸਰ ਤੋਂ ਸੀ ਮੈਨੂੰ ਯਾਦ ਹੈ ਕਿ ਉਸ ਨੇ ਮੈਨੂੰ ਭਿਜਵਾਇਆ ਸੀ। ਅਸਲ ਵਿਚ ਮੋਹਨਜੀਤ ਇਕ ਬਹੁਵਿਧਾਈ ਲੇਖਕ ਤੇ ਚਿੰਤਕ ਸੀ । ਇਕ ਬੇਹੱਦ ਖੁੱਲ੍ਹੀ, ਮੋਕਲੀ ਸ਼ਖਸੀਅਤ ਵਾਲਾ ਮਿੱਤਰ। ਪੰਜਾਬੀ ਸਾਹਿਤ ਵਿਚ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਸ ਦੇ ਜਾਣ ਬਾਦ 48 ਵਰ੍ਹਿਆਂ ਦੀ ਦੋਸਤੀ ਨੂੰ ਵਿਰਾਮ ਜਿਹਾ ਲੱਗ ਗਿਆ ਹੈ ਇਕ ਵਾਰ ਦੂਰਦਰਸ਼ਨ ਮੁਲਾਕਾਤ ਵਿਚ ਉਸ ਨੇ ਕਿਹਾ ਸੀ, "ਮੁਹੱਬਤ ਤਾਂ ਉਡਦਾ ਹੋਇਆ ਅਹਿਸਾਸ ਹੈ, ਕਦੋਂ ਕਿਹਦੇ ਨਾਲ ਹੋ ਜਾਵੇ, ਮੈਂ ਕਿਹਾ ਸੀ ਇਹ ਸਰਦਾਰ ਪ੍ਰੀਤਲੜੀ ਦਾ ਪ੍ਰੀਤ ਫਲਸਫ਼ੇ ਜਿਹਾ ਹੋ ਗਿਆ ਹੈ। ਫਿਰ ਉਸ ਨੇ ਕਿਹਾ 'ਮੁਹੱਬਤ ਦਾ ਅਨੁਵਾਦ ਨਹੀਂ ਹੋ ਸਕਦਾ ਅਤੇ ਉਸ ਸਮੇਂ ਦੇ ਸਾਡੇ ਮਿੱਤਰ ਤੇ ਹਿੰਦੀ ਦੇ ਕਵੀ ਨੇਤਰ ਸਿੰਘ ਰਾਵਤ ਨੇ ਕਿਹਾ ਸੀ, ਯਾਰ ਮੁਹੱਬਤ ਤਾਂ ਹਵਾ ਹੈ, ਪਤਾ ਨਹੀਂ ਕਿਧਰ ਚਲੀ ਜਾਵੇ। ਇਸ ਮੁਲਾਕਾਤ ਨੂੰ ਹੁਣ ਮੈਂ ਮੋਹਨਜੀਤ ਨੂੰ ਯਾਦ ਕਰਦਿਆਂ ਕਹਿ ਸਕਦਾ ਹਾਂ ਕਿ ਮੋਹਨਜੀਤ ਸਚਮੁੱਚ ਮੁਹੱਬਤੀ ਹਵਾਵਾਂ ਦਾ ਗੁੰਮ ਹੋਇਆ ਸਿਰਨਾਵਾਂ ਸੀ।

ਉਹਦੀ ਯਾਦ ਵਿਚ ਇਹੋ ਹੀ ਕਹਿ ਸਕਦਾ ਹਾਂ
ਕਿ ਕੁਝ ਦਰਦ, ਖਾਮੋਸ਼ ਕਰ ਦੇਤੇ ਹੈ
ਅਲਵਿਦਾ! ਮੋਹਨਜੀਤ, ਤੇਰੇ ਲਫ਼ਜ਼ ਤੇ ਮੁਹੱਬਤ ਹਮੇਸ਼ਾ ਯਾਦ ਆਵੇਗੀ।